ਸਹਿਕਾਰੀ ਸਿਖਿਆ

ਓਨਟਾਰੀਓ ਦੇ ਸੈਕੰਡਰੀ ਸਕੂਲ, ਸਟੂਡੈਂਟ ਸਕਸੈਸ ਕੋਸ਼ਿਸ਼ ਰਾਹੀਂ, ਵਿਦਿਆਰਥੀਆਂ ਦੀਆਂ ਵਿਅਕਤੀਗਤ ਸਿੱਖਣ ਸ਼ੈਲੀਆਂ ਅਤੇ ਦਿਲਚਸਪੀਆਂ ਨੂੰ ਪੂਰਾ ਕਰਨ ਵਿੱਚ ਮਦਦ ਲਈ ਪਸਾਰ ਵਾਲੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰ ਰਹੇ ਹਨ। ਇਹਨਾਂ ਪ੍ਰੋਗਰਾਮਾਂ ਨਾਲ ਵਿਦਿਆਰਥੀ, ਸਿੱਖਣ ਦੇ ਵੱਖ-ਵੱਖ ਤਰ੍ਹਾਂ ਦੇ ਨਵੇਂ ਅਤੇ ਵੱਧ ਵਿਕਲਪਾਂ ਰਾਹੀਂ ਹਾਈ ਸਕੂਲ ਦੇ ਆਪਣੇ ਅਨੁਭਵ ਨੂੰ ਅਨੁਕੂਲ ਬਣਾਉਂਦੇ ਹਨ। ਇਹਨਾਂ ਵਿਕਲਪਾਂ ਵਿੱਚ ਦੂਹਰੇ ਕ੍ਰੈਡਿਟ, ਸਪੈਸ਼ਲਿਸਟ ਹਾਈ ਸਕਿਲਸ ਮੇਜਰਸ ਅਤੇ ਸਹਿਕਾਰੀ ਸਿਖਿਆ ਸ਼ਾਮਿਲ ਹਨ।

ਇਹ ਪ੍ਰੋਗਰਾਮ, ਸਾਰੇ ਵਿਦਿਆਰਥੀਆਂ ਨੂੰ ਸਿੱਖਣ ਵੱਲ ਲਾ ਕੇ ਅਤੇ ਗ੍ਰੈਜੁਏਸ਼ਨ ਅਤੇ ਇਸ ਤੋਂ ਅੱਗੋਂ ਦੀ ਪੜ੍ਹਾਈ ਲਈ ਉਹਨਾਂ ਨੂੰ ਬਿਹਤਰ ਤਰੀਕੇ ਨਾਲ ਤਿਆਰ ਕਰਕੇ, ਉਹਨਾਂ ਦੀਆਂ ਲੋੜਾਂ, ਦਿਲਚਸਪੀਆਂ ਅਤੇ ਮਜ਼ਬੂਤੀਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੇ ਹਨ।

ਸਹਿਕਾਰੀ ਸਿਖਿਆ (ਕੋ-ਆੱਪ) ਕੀ ਹੈ?

- ਸਹਿਕਾਰੀ ਸਿਖਿਆ, ਵਿਭਾਗ ਵੱਲੋਂ ਇਕ ਮੰਜ਼ੂਰਸ਼ੁਦਾ ਪ੍ਰੋਗਰਾਮ ਹੈ, ਜੋ ਵਿਦਿਆਰਥੀ ਨੂੰ, ਕੰਮ ਕਰਦਿਆਂ ਹੋਇਆਂ, ਸੈਕੰਡਰੀ ਸਕੂਲ ਦੇ ਕ੍ਰੈਡਿਟ ਲੈਣ ਦਿੰਦਾ ਹੈ। ਇਸ ਪ੍ਰੋਗਰਾਮ ਵਿੱਚ, ਇਕ ਸਹਿਕਾਰੀ ਸਿਖਿਆ ਟੀਚਰ ਦੀ ਨਿਗਰਾਨੀ ਵਾਲੇ ਸਹਿਕਾਰੀ ਪਾਠਕ੍ਰਮ ਵਿੱਚ, ਕਿਸੇ ਵੀ ਵਿਸ਼ੇ ਵਿੱਚ ਸਬੰਧਿਤ ਪਾਠਕ੍ਰਮ ਵਾਲਾ ਕੋਰਸ ਅਤੇ ਕੋਈ ਕੰਮ ਕਰਨਾ ਸ਼ਾਮਿਲ ਹੈ।
- ਵਿਦਿਆਰਥੀ, ਆਪਣੇ ਲਾਜ਼ਮੀ ਹਾਈ ਸਕੂਲ ਗ੍ਰੈਜੁਏਸ਼ਨ ਦੀਆਂ ਜ਼ਰੂਰਤਾਂ ਲਈ, ਦੋ ਸਹਿਕਾਰੀ ਕ੍ਰੈਡਿਟਾਂ ਲਈ ਅਰਜ਼ੀ ਦੇ ਸਕਦਾ ਹੈ, ਮਰਜ਼ੀ ਵਾਲੇ ਸਹਿਕਾਰੀ ਕ੍ਰੈਡਿਟ ਲੈਣ ਦੀ ਕੋਈ ਸੀਮਾ ਨਹੀਂ ਹੈ। ਵਿਦਿਆਰਥੀਆਂ ਲਈ ਸਹਿਕਾਰੀ ਕੰਮ ਦਾ ਪ੍ਰਬੰਧ, ਉਹਨਾਂ ਦੇ ਸਕੂਲ ਵਲੋਂ ਕੀਤਾ ਜਾਂਦਾ ਹੈ ਅਤੇ ਸਿਖਿਆ ਵਿਭਾਗ ਦੀ ਪਾੱਲਿਸੀ ਅਤੇ ਸੇਧਾਂ ਦੀ ਪਾਲਣਾ ਕੀਤੀ ਜਾਣੀ ਲਾਜ਼ਮੀ ਹੈ।

ਇਹ ਕਿਸਦੇ ਲਈ ਹੈ?

- ਸਹਿਕਾਰੀ ਪ੍ਰੋਗਰਾਮ, ਸੈਕੰਡਰੀ ਦੇ ਉਹਨਾਂ ਵਿਦਿਆਰਥੀਆਂ ਲਈ ਹਨ, ਜੋ ਅਪ੍ਰੈਂਟਿਸਸ਼ਿਪ, ਕਾੱਲਿਜ, ਯੂਨੀਵਰਸਿਟੀ ਜਾਂ ਕੰਮ ਵਾਲੀ ਥਾਂ ਤੇ ਜਾ ਰਹੇ ਹਨ।

ਸਹਿਕਾਰੀ ਪ੍ਰੋਗਰਾਮਾਂ ਦੇ ਮੁੱਖ ਲਾਭ

ਸਹਿਕਾਰੀ ਵਿਦਿਆਰਥੀਆਂ ਲਈ ਮੌਕਾ ਹੈ:

- ਸਿੱਖਣ ਦੇ ਨਾਲ ਅਨੁਭਵ
- "ਅਜ਼ਮਾਇਸ਼ ਵਾਲੇ" ਕੈਰੀਅਰ ਵਿਕਲਪ
- ਉਹਨਾਂ ਦੀ ਕਲਾਸ ਵਿੱਚਲੀ ਸਿਖਿਆ ਦੀ ਪ੍ਰਸੰਗਿਕਤਾ ਵੇਖੋ
- ਕੰਮ ਵਾਲੀ ਥਾਂ ਤੇ ਅਨੁਭਵ ਰਾਹੀ ਕ੍ਰੈਡਿਟ ਲੈਣਾ
- ਕੰਮ ਵਾਲੀ ਥਾਂ ਵਿੱਚ ਲੋੜੀਂਦੀਆਂ ਜ਼ਰੂਰੀ ਮੁਹਾਰਤਾਂ ਅਤੇ ਆਦਤਾਂ ਵਿਕਸਿਤ ਕਰਨਾ
- ਕੰਮ ਤੇ ਮੁੱਲਵਾਨ ਅਨੁਭਵ ਹਾਸਲ ਕਰਨਾ, ਜੋ ਸੈਕੰਡਰੀ ਤੋਂ ਬਾਦ ਦੇ ਪ੍ਰੋਗਰਾਮਾਂ ਅਤੇ ਭਵਿੱਖ ਦੇ ਰੁਜ਼ਗਾਰ ਲਈ ਪਰਿਚੈ-ਪੱਤਰ ਤਿਆਰ ਕਰਨ ਵਿੱਚ ਮਦਦ ਕਰੇਗਾ।

ਸਹਿਕਾਰੀ ਪ੍ਰੋਗਰਾਮਾਂ ਦੀ ਕਿਥੇ ਪੇਸ਼ਕਸ਼ ਕੀਤੀ ਜਾਂਦੀ ਹੈ? ਮੈਨੂੰ ਹੋਰ ਕਿਥੋਂ ਪਤਾ ਲੱਗ ਸਕਦਾ ਹੈ?

- ਓਨਟਾਰੀਓ ਦੇ ਸਾਰੇ ਸਕੂਲਾਂ ਦੇ ਬੋਰਡ, ਸਹਿਕਾਰੀ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੇ ਹਨ। ਹੋਰ ਜਾਣਕਾਰੀ ਲਈ, ਆਪਣੇ ਸਕੂਲ ਦੇ ਪ੍ਰਿੰਸੀਪਲ ਜਾਂ ਆਪਣੇ ਸਕੂਲ ਬੋਰਡ ਵਿੱਚ ਸਟੂਡੈਂਟ ਸਕਸੈਸ ਲੀਡਰ ਨਾਲ ਸੰਪਰਕ ਕਰੋ। ਸਹਿਕਾਰੀ ਸਿਖਿਆ ਬਾਰੇ ਹੋਰ ਵਿਆਪਕ ਜਾਣਕਾਰੀ ਇਸ ਵੈਬਸਾਈਟ ਤੇ ਮਿਲ ਸਕਦੀ ਹੈ: **www.ontario.ca/studentsuccess**.

ISBN 978-1-4606-1223-1 (PDF) (Punjabi) © ਓਨਟਾਰੀਓ ਲਈ ਕੁਈਨਜ਼ ਪ੍ਰਿੰਟਰ, 2013

ontario.ca/EDUparents

Ontario